**ਸਹਾਇਕ ਧੰਦੇ ਸਥਾਪਿਤ ਕਰਨ ਲਈ ਬੈਕਫਿੰਕੋ ਤੋਂ ਕਰਜ਼ਾ ਲੈਣ ਦੇ ਚਾਹਵਾਨ ਆਪਣੀ ਅਰਜੀਆਂ 29 ਅਗਸਤ ਤੱਕ ਜਮ੍ਹਾਂ ਕਰਵਾਉਣ- ਫ਼ੀਲਡ ਅਫ਼ਸਰ ਰਣਜੀਤ ਸਿੰਘ**

ਤਰਨਤਾਰਨ 22, ਅਗਸਤ :

ਪੰਜਾਬ ਰਾਜ ਪੱਛੜ੍ਹੀਆ ਸ਼੍ਰੇਣੀਆ ਭੌ ਵਿਕਾਸ ਅਤੇ ਵਿੱਚ ਕਾਰਪੋਰੇਸ਼ਨ (ਬੈਕਫਿੰਕੋ) ਵੱਲੋਂ ਪੰਜਾਬ ਰਾਜ ਦੀਆਂ ਪੱਛੜੀਆਂ ਸ਼੍ਰੇਣੀਆਂ, ਘੱਟ ਗਿਣਤੀ ਵਰਗ ਅਤੇ ਆਰਥਿਕ ਤੌਰ ’ਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਸਹਾਇਕ ਧੰਦੇ ਸਥਾਪਿਤ ਕਰਨ ਲਈ 2 ਲੱਖ ਰੁਪਏ ਦਾ ਕਰਜ਼ਾ ਦਿੱਤਾ ਜਾਂਦਾ ਹੈ। ਇਸ ਕਰਜ਼ੇ ਦੀ ਗਾਰੰਟੀ ਸਬੰਧੀ ਬਿਨੈਕਾਰ ਜਾਂ ਉਸਦੇ ਜਾਮਨ ਦੀ ਜਮੀਨ ਦੀ ਗਾਰੰਟੀ ਲਈ ਜਾਂਦੀ ਹੈ। ਇਹ ਜਾਣਕਾਰੀ ਜ਼ਿਲ੍ਹਾ ਫੀਲਡ ਅਫ਼ਸਰ ਬੈਕਫਿੰਕੋ ਤਰਨਤਾਰਨ ਰਣਜੀਤ ਸਿੰਘ ਨੇ ਦਿੰਦਿਆਂ ਦੱਸਿਆ ਕਿ ਜਿਲ੍ਹੇ ਦੇ ਚਾਹਵਾਨ ਲਾਭਪਾਤਰੀ ਜਿੰਨ੍ਹਾਂ ਦੀ ਉਮਰ ਸੀਮਾ 18 ਤੋਂ 55 ਸਾਲ ਤੱਕ ਹੋਵੇ ਆਪਣੀ ਅਰਜੀ ਜ਼ਿਲ੍ਹਾ ਫ਼ੀਲਡ ਅਫ਼ਸਰ ਬੈਕਫਿੰਕੋ ਤਰਨਤਾਰਨ ਵਿਖੇ 29 ਅਗਸਤ ਤਕ ਭਰਵਾ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਬੈਕਫਿੰਕੋ ਦੀਆਂ ਵੱਖ-ਵੱਖ ਸਕੀਮਾਂ ਤਹਿਤ ਇਹ ਕਰਜ਼ਾ ਵੱਖ-ਵੱਖ ਧੰਦਿਆਂ ਜਿਵੇਂ ਕਿ ਡੇਅਰੀ ਫਾਰਮ, ਪੋਲਟਰੀ ਫਾਰਮ, ਕਰਿਆਨਾ ਦੁਕਾਨ, ਜਨਰਲ ਸਟੋਰ ਦੀ ਦੁਕਾਨ, ਰੇਡੀਮੈਡ ਗਾਰਮੈਂਟ, ਸਬਜ਼ੀਆਂ ਉਗਾਉਣ, ਸ਼ਹਿਦ ਮੱਖੀ ਪਾਲਣ, ਕਾਰ ਪੇਂਟਰੀ, ਫਰਨੀਚਰ ਦੀ ਦੁਕਾਨ, ਆਟਾ ਚੱਕੀ, ਪੋਲਟਰੀ ਫੀਡ, ਹਾਰਡਵੇਅਰ ਸਟੋਰ ਆਦਿ ਧੰਦਿਆਂ ਲਈ ਦਿੱਤਾ ਜਾਂਦਾ ਹੈ। ਉਨ੍ਹਾਂ ਅਪੀਲ ਕੀਤੀ ਕਿ ਚਾਹਵਾਨ ਲਾਭਪਾਤਰੀ ਬੈਕਫਿੰਕੋ ਦੇ ਕਰਮਚਾਰੀਆਂ ਨੂੰ ਆਪਣੀ ਅਰਜੀਆਂ ਮਿਤੀ 29 ਅਗਸਤ 2017 ਤਕ ਜਮ੍ਹਾਂ ਕਰਵਾਉਣ।